# Official Spokesperson's response to a media query about Chinese MFA spokesperson's comments on the recent visit of Hon'ble Vice-President of India to Arunachal Pradesh

October 13, 2021

---

# ਮਾਨਯੋਗ ਭਾਰਤੀ ਉਪ-ਰਾਸ਼ਟਰਪਤੀ ਦੀ ਹਾਲੀਆ ਅਰੁਣਾਚਲ ਪ੍ਰਦੇਸ਼ ਫੇਰੀ ਬਾਰੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੀ ਟਿੱਪਣੀਆਂ ਬਾਰੇ ਮੀਡੀਆ ਦੇ ਸਵਾਲ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**13 ਅਕਤੂਬਰ, 2021**

ਮਾਨਯੋਗ ਭਾਰਤੀ ਉਪ-ਰਾਸ਼ਟਰਪਤੀ ਦੀ ਹਾਲੀਆ ਅਰੁਣਾਚਲ ਪ੍ਰਦੇਸ਼ ਫੇਰੀ ਬਾਰੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੀ ਟਿੱਪਣੀਆਂ ਬਾਰੇ ਮੀਡੀਆ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

"ਅਸੀਂ ਚੀਨੀ ਸਰਕਾਰੀ ਬੁਲਾਰੇ ਦੁਆਰਾ ਅੱਜ ਕੀਤੀਆਂ ਗਈਆਂ ਟਿੱਪਣੀਆਂ ਵੇਖੀਆਂ ਹਨ। ਅਸੀਂ ਅਜਿਹੀਆਂ ਟਿੱਪਣੀਆਂ ਨੂੰ ਖਾਰਜ ਕਰਦੇ ਹਾਂ। ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਹੈ। ਭਾਰਤੀ ਆਗੂ ਭਾਰਤ ਦੇ ਹੋਰ ਰਾਜਾਂ ਵਾਂਗ ਹੀ ਬਾਕਾਇਦਾ ਤੌਰ 'ਤੇ ਅਰੁਣਾਚਲ ਪ੍ਰਦੇਸ਼ ਵੀ ਜਾਂਦੇ ਹਨ। ਭਾਰਤੀ ਆਗੂਆਂ ਦੁਆਰਾ ਭਾਰਤ ਦੇ ਕਿਸੇ ਰਾਜ ਦਾ ਦੌਰਾ ਕੀਤੇ ਜਾਣ 'ਤੇ ਇਤਰਾਜ਼ ਕਰਨਾ ਭਾਰਤੀ ਲੋਕਾਂ ਦੀ ਤਰਕਸ਼ੀਲਤਾ ਅਤੇ ਸਮਝ ਤੇ ਖਰਾ ਨਹੀਂ ਉਤਰਦਾ ਹੈ।

ਇਸ ਤੋਂ ਛੁੱਟ, ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਮੌਜੂਦਾ ਹਾਲਾਤ ਚੀਨ ਵੱਲੋਂ ਦੁਵੱਲੇ ਸਮਝੌਤਿਆਂ ਦੀ ਉਲੰਘਣਾ ਕਰਕੇ ਹਾਲਾਤ ਨੂੰ ਬਦਲਣ ਦੀ ਇਕਪਾਸੜ ਕੋਸ਼ਿਸ਼ਾਂ ਕਾਰਨ ਪੈਦਾ ਹੋਈ ਹੈ। ਇਸ ਲਈ ਸਾਨੂੰ ਆਸ ਹੈ ਕਿ ਅਸਬੰਧਤ ਮੁੱਦਿਆਂ ਨੂੰ ਆਪਸ ਵਿੱਚ ਜੋੜਨ ਦੀ ਥਾਂ ਚੀਨੀ ਪੱਖ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕੋਲਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਬਾਕੀ ਮੁੱਦਿਆਂ ਦਾ ਛੇਤੀ ਨਿਪਟਾਰਾ ਕਰਨ ਲਈ ਕੰਮ ਕਰੇਗਾ।"

ਨਵੀਂ ਦਿੱਲੀ

13 ਅਕਤੂਬਰ, 2021

DISCLAIMER: This is an approximate translation. The original is available in English on MEA's website and may be referred to as the official press release.